੧ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 07-08-2023 (23 ਸਾਵਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 811 ਦੀ ਨਕਲ :-**

ਸਾਲ 1984 ਵਿੱਚ ਦਿੱਲੀ ਵਿਖੇ ਹੋਏ ਸਿੱਖ ਕਤਲੇਆਮ ਦੌਰਾਨ ਗੁਰਦੁਆਰਾ ਸਾਹਿਬ ਫੂੱਲ ਬੰਗਸ, ਪੁਰਾਣੀ ਦਿੱਲੀ, ਵਿਖੇ ਇਕੱਤਰ ਹੋਈ ਭੀੜ ਜਿਸ ਨੂੰ ਜਗਦੀਸ਼ ਟਾਇਟਲਰ ਲੀਡ ਕਰ ਰਿਹਾ ਸੀ ਵੱਲੋਂ ਗੁ: ਸਾਹਿਬ ਦੇ ਰਾਗੀ ਭਾਈ ਬਾਦਲ ਸਿੰਘ ਸਮੇਤ ਤਿੰਨ ਸਿੰਘਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਜਿਸ ਦੇ ਵਿਰੁੱਧ ਲਖਵਿੰਦਰ ਕੌਰ ਪਤਨੀ ਸਵ: ਭਾਈ ਬਾਦਲ ਸਿੰਘ ਬਤੌਰ ਸ਼ਿਕਾਇਤਾ ਕਰਤਾ ਦਿੱਲੀ ਦੀ ਤੀਸ ਹਜ਼ਾਰੀ ਅਦਾਲਤ ਵਿੱਚ ਜਗਦੀਸ਼ ਟਾਇਟਲਰ ਵਿਰੁੱਧ ਚੱਲ ਰਹੇ ਕੇਸ ਦੀ ਲੰਮੇ ਸਮੇਂ ਤੋਂ ਪੈਰਵੀ ਕੀਤੀ ਜਾ ਰਹੀ ਹੈ, ਜਿਸ ਦੇ ਆਰਥਿਕ ਹਾਲਤ ਕਮਜ਼ੋਰ ਹਨ। ਬੀਬੀ ਲਖਵਿੰਦਰ ਕੌਰ ਦੀ ਆਰਥਿਕ ਸਹਾਇਤਾ ਦਾ ਮਾਮਲਾ **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪ੍ਰਧਾਨ ਸਾਹਿਬ ਦੀ ਆਗਿਆ ਨਾਲ ਪੇਸ਼ ਹੋਣ ਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਕੇਸ ਦੀ ਅਹਿਮੀਅਤ ਨੂੰ ਦੇਖਦੇ ਹੋਏ ਬੀਬੀ ਲਖਵਿੰਦਰ ਕੌਰ (ਸੁਪੱਤਨੀ ਸਵ: ਸ. ਬਾਦਲ ਸਿੰਘ ) ਸੀ-41ਸੀ, ਤਿਲਕ ਵਿਹਾਰ, ਦਿੱਲੀ ਨੂੰ ਮਈ 2023 ਤੋਂ 20,000/-ਅੱਖਰੀਂ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਸਹਾਇਤਾ ਉਮਰ ਭਰ ਲਈ ਧਰਮ ਅਰਥ ਫੰਡ ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚੋਂ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

**********************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 21263

ਮਿਤੀ 08-8-2023

ਉਤਾਰਾ:
1. ਮੀਤ ਸਕੱਤਰ ਜੀ, ਸਬ ਆਫਿਸ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਚੰਡੀਗੜ੍ਹ।
2. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 07-08-2023 (23 ਸਾਵਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 792 ਦੀ ਨਕਲ :-**

ਸ੍ਰ. ਤਜਿੰਦਰਪਾਲ ਸਿੰਘ ਟਿੰਮਾ, ਬੀਬੀ ਹਰਮੀਤ ਕੌਰ ਖਾਲਸਾ, ਭਾਈ ਨਿਰਮਲ ਸਿੰਘ ਖਰਲੀਆ ਵੱਲੋਂ ਮੰਗ ਪੁੱਜੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸਾਲ 2020 ਨੂੰ ਪਿੰਡ 11ਜੀ ਦੀ ਮੜ੍ਹੀ ਤੋਂ 25 ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲੈ ਕੇ ਆਏ ਸਨ। ਇਹ ਸਾਰੇ ਗ੍ਰਿਫਤਾਰ ਕੀਤੇ ਗਏ ਸਨ। ਇਨ੍ਹਾਂ ਸਿੰਘਾਂ ਦੀ ਪੈਰਵਾਈ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਕਰਨ ਦਾ ਹਵਾਲਾ ਦੇਂਦਿਆਂ ਹੁਣ ਇਸ ਕੇਸ ਵਿੱਚ ਸ੍ਰ. ਤਜਿੰਦਰਪਾਲ ਸਿੰਘ ਟਿੰਮਾ, ਸ੍ਰ. ਅਜੀਤ ਸਿੰਘ ਲਖਿਆ, ਸ੍ਰ. ਬਲਜਿੰਦਰ ਸਿੰਘ ਚਾਹਲ ਆਦਿ ਸਿੰਘ ਨੂੰ ਨਾਮਜ਼ਦ ਕੀਤਾ ਹੋਣ ਕਰਕੇ, ਇਨ੍ਹਾਂ ਦੀ ਜਮਾਨਤ ਲਈ ਜੋਧਪੁਰ ਹਾਈਕੋਰਟ ਵਿਖੇ ਸੰਜਿਤ ਉਪਾਧਿਆਏ ਵਕੀਲ ਦੀ 3,00,000/-ਅੱਖਰੀਂ ਤਿੰਨ ਲੱਖ ਰੁਪਏ ਫੀਸ ਦੇਣ ਦੀ ਮੰਗ ਕਰਦੇ ਹਨ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਉਪਰੋਕਤ ਮਾਮਲੇ ਸਬੰਧੀ ਜੋਧਪੁਰ ਹਾਈਕੋਰਟ ਦੇ ਵਕੀਲ ਸੰਜਿਤ ਉਪਾਧਿਆਏ ਨੂੰ 2,00,000/-ਅੱਖਰੀਂ ਦੋ ਲੱਖ ਰੁਪਏ ਦੀ ਅਦਾਇਗੀ ਧਰਮ ਅਰਥ ਫੰਡ ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚੋਂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

********************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 31358

ਮਿਤੀ 15-08-2023

ਉਤਾਰਾ: 1. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)

ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 07-08-2023 (23 ਸਾਵਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 766 ਦੀ ਨਕਲ :-**

ਸ੍ਰ. ਤਰਸੇਮ ਸਿੰਘ (ਸਪੁੱਤਰ ਸ੍ਰ. ਗੁਰਬਖਸ਼ ਸਿੰਘ) ਮਕਾਨ ਨੰਬਰ 191, ਗਲੀ ਨੰ:2, ਵਿਸ਼ਾਲ ਵਿਹਾਰ, ਤੁੰਗਪਾਈ, ਬਟਾਲਾ ਰੋਡ, ਸ੍ਰੀ ਅੰਮ੍ਰਿਤਸਰ ਵੱਲੋਂ ਜੂਨ 1984 ਸਮੇਂ ਉਤਮ ਨਗਰ ਮਕਾਨ ਨੰ: WI-16 ਦਿੱਲੀ ਵਿਖੇ ਘਰ ਨੂੰ ਅੱਗ ਲਗਾ ਕੇ ਸਾੜ ਦਿੱਤਾ ਹੋਣ ਕਰਕੇ ਸਹਾਇਤਾ ਦੀ ਮੰਗ ਕੀਤੀ ਸੀ। ਇਸ ਸਬੰਧੀ ਹੋਈ ਪੜਤਾਲ ਅਨੁਸਾਰ ਇਹ ਦੰਗਾ ਪੀੜਤ ਹੈ। ਸਬੰਧਤ ਵੱਲੋਂ ਆਰਥਿਕ ਹਾਲਤ ਕਮਜ਼ੋਰ ਹੋਣ ਕਰਕੇ ਸਹਾਇਤਾ ਦੀ ਕੀਤੀ ਮੰਗ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰ. ਤਰਸੇਮ ਸਿੰਘ (ਸਪੁੱਤਰ ਸ੍ਰ. ਗੁਰਬਖਸ਼ ਸਿੰਘ) ਨੂੰ ਧਰਮ ਅਰਥ ਫੰਡ ਵਿਚੋਂ 30,000/-ਅੱਖਰੀਂ ਤੀਹ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

*********************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 21291

ਮਿਤੀ 10-8-2023

ਉਤਾਰਾ: 1. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

੧ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 07-08-2023 (23 ਸਾਵਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 765 ਦੀ ਨਕਲ :-**

ਮੈਨੇਜਰ, ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਤਰਨ ਤਾਰਨ ਦੀ ਪੱਤ੍ਰਿਕਾ ਨੰਬਰ 534, ਮਿਤੀ 20-07-2023 ਰਾਹੀਂ ਭਾਈ ਤਰਸੇਮ ਸਿੰਘ (ਸਪੁੱਤਰ ਸ੍ਰ. ਜਸਵੰਤ ਸਿੰਘ) ਅਖੰਡਪਾਠੀ ਵਜੋਂ ਡਿਊਟੀ ਨਿਭਾ ਰਿਹਾ ਹੈ, ਸਬੰਧਤ ਕੈਂਸਰ ਦੀ ਬਿਮਾਰੀ ਤੋਂ ਪੀੜਤ ਹੈ। ਇਸ ਲਈ ਇਸ ਦੀ ਸੁਪੱਤਨੀ ਬੀਬੀ ਸੁਰਜੀਤ ਕੌਰ ਵੱਲੋਂ ਆਰਥਿਕ ਹਾਲਤ ਕਮਜੋਰ ਹੋਣ ਦਾ ਹਵਾਲਾ ਦੇਂਦਿਆਂ ਪਤੀ ਦੇ ਇਲਾਜ ਲਈ ਵੱਧ ਤੋਂ ਵੱਧ ਸਹਾਇਤਾ ਦੇਣ ਦੀ ਮੰਗ ਕੀਤੀ ਹੈ, ਮਾਮਲਾ **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਬੀਬੀ ਸੁਰਜੀਤ ਕੌਰ (ਸੁਪਤਨੀ ਭਾਈ ਤਰਸੇਮ ਸਿੰਘ) ਨੂੰ ਧਰਮ ਅਰਥ ਫੰਡ ਵਿੱਚੋਂ 20,000/-ਅੱਖਰੀਂ ਵੀਹ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

*******************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 21998 ਮਿਤੀ 11 -08-2023

ਉਤਾਰਾ: 1. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 07-08-2023 (23 ਸਾਵਣ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 852 ਦੀ ਨਕਲ :-**

ਸ੍ਰ. ਅਵਤਾਰ ਸਿੰਘ (ਸਪੁੱਤਰ ਸ੍ਰ. ਜਗਜੀਤ ਸਿੰਘ) ਮਕਾਨ ਨੰਬਰ 120, ਰਾਈ ਗਾਰਡਨ ਨਜ਼ਦੀਕ ਵੈਸਾਲੀ ਪਬਲਿਕ ਸਕੂਲ, ਸ਼ਾਸ਼ਤਰੀ ਨਗਰ, ਦਿੱਲੀ 110031 ਵੱਲੋਂ ਟਾਂਡਾ ਦੇ 20 ਕੇਸਾਂ ਕਾਰਨ ਵਕੀਲਾਂ ਦੀਆਂ ਫੀਸਾਂ ਕਾਰਨ ਕਾਫੀ ਕਰਜਾ ਚੜਨ, ਘਰ ਦੀ ਆਰਥਿਕ ਹਾਲਤ ਕਮਜੋਰ ਹੋਣ ਕਾਰਨ ਸਹਾਇਤਾ ਲੈਣ ਦੀ ਕੀਤੀ ਮੰਗ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਨਾਲ ਪੇਸ਼ ਹੋਣ ਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਸ੍ਰ. ਅਵਤਾਰ ਸਿੰਘ ਨੂੰ ਧਰਮ ਅਰਥ ਫੰਡ ਵਿੱਚੋਂ 1,00,000/- ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**********************************************
ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 91374 ਮਿਤੀ 16-8-2023

ਉਤਾਰਾ:
1. ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਆਰ.ਕੇ. ਜੀ (ਟਰੱਸਟ ਮਹਿਕਮਾ), ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।